# ਮੁਲਤਾਨੀ ਮੱਲ ਮੋਦੀ ਕਾਲਜ, ਪਟਿਆਲਾ

## ਵਾਤਾਵਰਣ ਅਤੇ ਊਰਜਾ-ਪ੍ਰਬੰਧਨ ਸਬੰਧੀ ਯੋਜਨਾ

### ਯੋਜਨਾ ਦੇ ਉਦੇਸ਼

- ਵਿਦਿਆਰਥੀਆਂ ਨੂੰ ਸਾਫ, ਹਰਿਆਲੀ ਭਰਪੂਰ ਅਤੇ ਲੰਬੇ ਸਮੇਂ ਲਈ ਹਰਿਆ-ਭਰਿਆ ਰਹਿਣ ਵਾਲੇ ਵਾਤਵਰਣ ਬਾਰੇ ਸੁਚੇਤ ਕਰਨਾ

- ਪਾਣੀ ਅਤੇ ਊਰਜਾ ਦੀ ਸੁਚੱਜੀ ਵਰਤੋਂ

- ਕਾਲਜ- ਕੈਂਪਸ ਵਿੱਚ ਐੱਲ.ਈ.ਡੀ ਅਤੇ ਸੀ.ਐੱਫ.ਐੱਲ ਬਲਬਾਂ ਅਤੇ ਊਰਜਾ ਬਚਾਉਣ ਵਾਲੇ ਯੰਤਰਾਂ ਦਾ ਉਪਯੋਗ

- ਕਾਲਜ -ਕੈਪਸ ਵਿੱਚ ਢੁਕਵਾਂ ਕੂੜਾ-ਪ੍ਰਬੰਧਨ

- ਪੈਟਰੋਲ ਤੇ ਡੀਜ਼ਲ ਦੀ ਬੱਚਤ ਲਈ ਕਾਲਜ ਸਟਾਫ ਤੇ ਵਿਦਿਆਰਥੀਆਂ ਨੂੰ ਕਾਰ-ਪੂਲਿੰਗ ਅਤੇ ਪਬਲਿਕ ਟਰਾਂਸਪੋਰਟ ਦੀ ਵਰਤੋਂ ਲਈ ਪ੍ਰੇਰਿਤ ਕਰਨਾ

- ਸਿਗਰਟ-ਮੁਕਤ ਅਤੇ ਤੰਬਾਕੂ- ਮੁਕਤ ਕੈਂਪਸ

- ਪਾਣੀ ਨੂੰ ਨਵਿਆਉਣ ਅਤੇ ਮੀਂਹ ਦੇ ਪਾਣੀ ਦੀ ਦੁਬਾਰਾ ਵਰਤੋਂ ਦੀ ਵਿਵਸਥਾ

- ਕਾਲਜ ਕੈਂਪਸ ਅਤੇ ਇਸ ਦੇ ਆਲੇ-ਦੁਆਲੇ ਨੂੰ ਹਰਿਆ-ਭਰਿਆ ਰੱਖਣ ਲਈ ਲੰਬੇ-ਸਮੇਂ ਤੱਕ ਚੱਲਣ ਵਾਲੇ ਕਾਰਜ ਆਰੰਭੇ ਗਏ ਹਨ ਜਿਹਨਾਂ ਨਾਲ ਵਾਤਾਵਰਣ ਦੀ ਸੁਰੱਖਿਆ ਅਤੇ ਊਰਜਾ ਦੀ ਸੁਚੱਜੀ ਵਰਤੋਂ ਦਾ ਮੰਤਵ ਪੂਰਾ ਹੋਵੇਗਾ।
- ਕਾਲਜ -ਕੈਂਪਸ ਦਾ ਖੇਤਰਫਲ ਘੱਟ ਹੋਣ ਦੇ ਬਾਵਜੂਦ ਸਾਰੇ ਖਾਲੀ ਸਥਾਨਾਂ ਨੂੰ ਹਰਿਆਲੀ ਨਾਲ ਢੱਕਣ ਦਾ ਯਤਨ ਆਰੰਭਿਆ ਗਿਆ ਹੈ।
- ਕਾਲਜ ਵਿੱਚ ਊਰਜਾ ਦੀ ਬੱਚਤ ਦੇ ਨਾਲ-ਨਾਲ ਕੂੜੇ ਦੇ ਪ੍ਰਬੰਧਨ ਅਤੇ ਮੀਹਾਂ ਦੇ ਪਾਣੀ ਨੂੰ ਅੰਡਰ-ਗਰਾਊਂਡ ਸਹੇਜਣ ਲਈ ਯਤਨ ਜਾਰੀ ਹਨ।

**ਯੋਜਨਾ ਨੂੰ ਲਾਗੂ ਕਰਨ ਲਈ ਆਰੰਭੇ ਗਏ ਕਾਰਜ:**

ਇਸ ਯੋਜਨਾ ਨੂੰ ਇੰਨ-ਬਿੰਨ ਲਾਗੂ ਕਰਨ ਲਈ ਕਾਲਜ ਵੱਲੋਂ ਬਹੁਤ ਸਾਰੇ ਕਦਮ ਚੁੱਕੇ ਗਏ ਹਨ ਜਿਵੇਂ ਕਿ_

- ਊਰਜਾ ਦੀ ਵੱਧ ਤੋਂ ਵੱਧ ਬੱਚਤ
- ਸਿਗਰੇਟ ਅਤੇ ਤੰਬਾਕੂ ਮੁਕਤ ਕੈਂਪਸ
- 'ਪਲਾਸਟਿਕ ਮੁਕਤ' ਮੁਹਿੰਮ ਦਾ ਆਗਾਜ਼
- ਗਿੱਲੇ ਅਤੇ ਸੁੱਕੇ ਕੂੜੇ ਦਾ ਪ੍ਰਬੰਧਨ
- ਬਾਇਓ-ਮੈਡੀਕਲ ਕੂੜੇ ਦਾ ਪ੍ਰਬੰਧਨ
- ਈ-ਰਹਿੰਦ-ਖੂੰਹਦ ਦਾ ਢੁੱਕਵਾਂ ਪ੍ਰਬੰਧਨ
- ਖਤਰਨਾਕ ਰਸਾਇਣਾਂ ਅਤੇ ਰੇਡੀਓ-ਐਕਟਿਵ ਰਹਿੰਦ-ਖੂੰਹਦ ਦਾ ਪ੍ਰਬੰਧਨ
- ਪਾਣੀ ਨੂੰ ਨਵਿਆਉਣਾ

**<u>ਊਰਜਾ ਦੀ ਬੱਚਤ:</u>**

ਕਾਲਜ ਦੇ ਸਟਾਫ ਮੈਂਬਰਾਂ ਅਤੇ ਵਿਦਿਆਰਥੀਆਂ ਵੱਲੋਂ ਬਿਜਲੀ ਦੀ ਬੱਚਤ ਲਈ ਜ਼ਰੂਰੀ ਨੇਮਾਂ ਦਾ ਪਾਲਣ ਕਰਨ ਲਈ ਇੱਕ ਯੋਜਨਾ ਤਹਿਤ ਐੱਲ.ਈ.ਡੀ ਦੀ ਵਰਤੋਂ ਕੀਤੀ ਜਾ ਰਹੀ ਹੈ ਅਤੇ ਪੁਰਾਣੀਆਂ ਟਿਊਬ-ਲਾਈਟਾਂ ਨੂੰ ਐੱਲ.ਈ.ਡੀਜ਼ੀ ਨਾਲ ਬਦਲਿਆ ਗਿਆ ਹੈ।ਦੂਰ-ਦੁਰਾਡੇ ਖੇਤਰਾਂ ਤੋਂ ਕਾਲਜ ਪੜ੍ਹਣ ਲਈ ਆ ਰਹੇ ਵਿਦਿਆਰਥੀ ਪਬਲਿਕ ਟਰਾਂਸਪੋਰਟ ਦੀ ਵਰਤੋਂ ਕਰ ਰਹੇ ਹਨ ਜਿਹਨਾਂ ਦੀ ਸੁਵਿਧਾ ਲਈ ਪੰਜਾਬ ਸਰਕਾਰ ਦੁਆਰਾ ਜਾਰੀ ਸਕੀਮ ਦੇ ਅੰਤਰਗਤ ਰਿਆਇਤੀ ਦਰ ਤੇ ਬੱਸ-ਪਾਸ ਦੀ ਸੁਵਿਧਾ ਦਿੱਤੀ ਜਾ ਰਹੀ ਹੈ।ਕਾਲਜ ਦੇ ਮੈਂਬਰ ਕਾਰ-ਪੂਲਿੰਗ ਅਤੇ ਦੁਪਈਆ ਵਾਹਨਾਂ ਦੀ ਵਰਤੋਂ ਕਰਦੇ ਹਨ।ਸਾਰੀਆਂ ਕੰਪਿਊਟਰ ਸਕਰੀਨਾਂ ਨੂੰ ਐੱਲ.ਈ.ਡੀ ਅਤੇ ਐੱਲ.ਸੀ.ਡੀ ਸਕਰੀਨਾਂ ਨਾਲ ਬਦਲ ਦਿੱਤਾ ਗਿਆ ਹੈ।ਪੁਰਾਣੀਆਂ ਲਾਈਟਾਂ, ਪੱਖਿਆਂ ਨੂੰ ਊਰਜਾ ਬਚਾਉਣ ਵਾਲੇ ਯੰਤਰਾਂ ਨਾਲ ਬਦਲਣ ਦਾ ਕਾਰਜ ਜਾਰੀ ਹੈ।ਕਾਲਜ ਦੇ ਦਫਤਰ ਨੂੰ 'ਪੇਪਰ-ਲੈੱਸ' ਬਣਾਉਣ ਅਤੇ ਈ - ਡਾਕੂਮੈਂਟਜ਼ ਦੀ ਵਰਤੋਂ ਲਈ ਯਤਨ ਆਰੰਭੇ ਗਏ ਹਨ।

## **ਸਿਗਰੇਟ ਅਤੇ ਤੰਬਾਕੂ ਮੁਕਤ ਕੈਂਪਸ**

ਕਾਲਜ ਦੇ ਪ੍ਰਬੰਧਕੀ ਸਟਾਫ ਵੱਲੋਂ ਕਾਲਜ ਵਿੱਚ ਸਿਗਰਟਨੋਸ਼ੀ ਅਤੇ ਤੰਬਾਕੂ ਦੀ ਵਰਤੋਂ ਨੂੰ ਰੋਕਣ ਲਈ ਜ਼ਰੂਰੀ ਕਦਮ ਚੁੱਕੇ ਗਏ ਹਨ।ਕਾਲਜ ਵਿੱਚ ਵਾਤਾਵਰਣ ਦੀ ਸੁਰੱਖਿਆ ਅਤੇ ਹਰਿਆ - ਭਰਿਆ  ਚੁਗਿਰਦਾ ਬਰਕਰਾਰ ਰੱਖਣ ਲਈ ਹਦਾਇਤਾਂ ਦੀ ਸੂਚੀਆਂ ਤੇ ਪਰਚੇ ਚਿਪਕਾਏ ਗਏ ਹਨ।

## **'ਪਲਾਸਟਿਕ ਮੁਕਤ' ਮੁਹਿੰਮ ਦਾ ਆਗਾਜ਼**

ਵਿਦਿਆਰਥੀਆਂ ਅਤੇ ਕਾਲਜ –ਮੈਂਬਰਾਂ ਵੱਲੋਂ ਪਲਾਸਟਿਕ ਦੀ ਵਰਤੋਂ ਨਾ ਕਰਨ ਅਤੇ ਆਮ ਜ਼ਰੂਰਤਾਂ ਲਈ ਇਸ ਦੀ ਵਰਤੋਂ ਘਟਾਓਣ ਲਈ ਯਤਨ ਜਾਰੀ ਹਨ। ਇਸ ਨਾਲ ਸਬੰਧਿਤ ਕੂੜੇ ਦੇ ਪ੍ਰਬੰਧਨ ਲਈ ਢੁਕਵੀਆਂ ਥਾਵਾ ਤੇ ਕੂੜੇਦਾਨ ਲਗਾਏ ਗਏ ਹਨ ਜਿਹਨਾਂ ਦਾ ਪ੍ਰਬੰਧਨ ਲਗਾਤਾਰ ਕੀਤਾ ਜਾ ਰਿਹਾ ਹੈ।

## **ਗਿੱਲੇ ਅਤੇ ਸੁੱਕੇ ਕੂੜੇ ਦਾ ਪ੍ਰਬੰਧਨ:**

ਮੁਲਤਾਨੀ ਮੱਲ ਮੋਦੀ ਕਾਲਜ, ਪਟਿਆਲਾ ਨੇ ਗਿੱਲੇ ਅਤੇ ਸੁੱਕੇ ਕੂੜੇ ਦੇ ਪ੍ਰਬੰਧਨ ਅਤੇ ਪਾਣੀ ਨੂੰ ਸਹੇਜਣ ਲਈ ਬਹੁਤ ਸਾਰੇ ਕਦਮ ਚੁੱਕੇ ਹਨ।ਕਾਲਜ ਵਿੱਚ ਇੱਕ ਵਿਸ਼ੇਸ਼ ਖੇਤਰ ਪਲਾਸਟਿਕ ਦੀਆਂ ਬੋਤਲਾਂ, ਖਾਲੀ ਰੈਪਰਜ਼, ਕਾਰਡ–ਬੋਰਡ, ਟੁੱਟੇ ਸ਼ੀਸ਼ੇ, ਈ–ਵੇਸਟ ਆਦਿ ਨੂੰ ਵੱਖ–ਵੱਖ ਕਰਨ ਲਈ ਨਿਰਧਾਰਿਤ ਕੀਤਾ ਗਿਆ ਹੈ।ਇਹਨਾਂ ਨੂੰ ਮਿੱਥੇ ਗਏ ਦਿਸ਼ਾ–ਨਿਰਦੇਸ਼ਾਂ ਮੁਤਾਬਿਕ ਵੱਖ–ਵੱਖ ਰੰਗਾਂ ਦੇ ਕੂੜੇਦਾਨਾਂ ਵਿੱਚ ਵੰਡਿਆ ਗਿਆ ਹੈ।ਹਫਤੇ ਵਿੱਚ ਇੱਕ ਦਿਨ ਸਰਕਾਰ ਵੱਲੋਂ ਨਿਯੁਕਤ ਕੀਤਾ ਕਬਾੜੀਆ ਇਹ ਲੈਣ ਆਉਂਦਾ ਹੈ।ਇਸ ਤੋਂ ਬਿਨਾਂ ਕਾਲਜ ਨੇ ਬੇਕਾਰ ਗਿਰੇ ਪੱਤਿਆਂ ਅਤੇ ਕੁਤਰੇ ਹੋਏ ਘਾਹ ਲਈ ਖਾਸ ਕੰਪੋਸਟ ਪਿੱਟਾਂ ਦਾ ਨਿਰਮਾਣ ਕੀਤਾ ਹੈ ਜਿਹਨਾਂ ਵਿੱਚ ਕੰਪੋਸਟ ਤਿਆਰ ਕੀਤੀ ਜਾਂਦੀ ਹੈ।ਸ਼ੁਰੂਆਤ ਵਿੱਚ ਛੇ ਪਿੱਟਾਂ ਦਾ ਨਿਰਮਾਣ ਕੀਤਾ ਗਿਆ ਹੈ, ਦੋ ਜ਼ਮੀਨ ਦੇ ਉੱਪਰ ਅਤੇ ਚਾਰ ਜ਼ਮੀਨ ਦੇ ਹੇਠਾਂ।

## **ਬਾਇਉ–ਮੈਡੀਕਲ ਕੂੜੇ ਦਾ ਪ੍ਰਬੰਧਨ:**

ਇਸ ਤਰ੍ਹਾਂ ਦੀ ਰਹਿੰਦ –ਖੂਹੰਦ ਵਿੱਚ ਤਿੱਖੀਆਂ ਚੀਜ਼ਾਂ ਜਿਵੇਂ ਕਿ (ਲੈਨਸੈਟ) ਅਤੇ ਗਿੱਲਾ ਵੇਸਟ (ਖੂਨ ਨਾਲ ਲਿਬੜੀ ਰੂੰ) ਆਦਿ ਸ਼ਾਮਿਲ ਹੁੰਦੀ ਹੈ। ਇਸ ਰਹਿੰਦ–ਖੂਹੰਦ ਦੀ ਕੁਵਰਤੋਂ ਨੂੰ ਰੋਕਣ ਲਈ ਇਹਨਾਂ ਚੀਜ਼ਾਂ ਨੂੰ ਰਸਾਇਣਾਂ ਨਾਲ ਕੀਟਾਣੂ–ਰਹਿਤ ਕੀਤਾ

ਜਾਂਦਾ ਹੈ ਅਤੇ ਸੁੱਟਣ ਤੋਂ ਪਹਿਲਾ ਤੋੜ ਦਿੱਤਾ ਜਾਂਦਾ ਹੈ।ਗਿੱਲਾ ਵੇਸਟ ਵੀ ਸੁੱਟਣ ਤੋਂ ਪਹਿਲਾ ਆਟੋ-ਕਲੇਵ ਕੀਤਾ ਜਾਂਦਾ ਹੈ।

## ਈ-ਰਹਿੰਦ-ਖੂੰਹਦ ਦਾ ਢੁਕਵਾਂ ਪ੍ਰਬੰਧਨ:

ਈ-ਰਹਿੰਦ-ਖੂੰਹਦ ਨੂੰ ਘਟਾਉਣ ਲਈ ਪੁਰਾਣੇ ਕੰਪਿਊਟਰਾਂ ਨੂੰ ਅਜਿਹੇ ਡੀਲਰਾਂ ਕੋਲ ਵੇਚਿਆ ਜਾਂਦਾ ਹੈ ਜਿਹੜੇ ਉਹਨਾਂ ਨੂੰ ਅਪਗਰੇਡ ਕਰਕੇ ਅੱਗੇ ਵੇਚ ਸਕਦੇ ਹੋਣ।

ਰਹਿੰਦ-ਖੂੰਹਦ ਦੀ ਰੀਸਾਈਕਲਿੰਗ ਲਈ ਸਰਕਾਰ ਵੱਲੋਂ ਪ੍ਰਮਾਣਿਤ ਕਬਾੜੀਆਂ ਹਫਤੇ ਵਿੱਚ ਇੱਕ ਦਿਨ ਰੀਸਾਈਕਲਿੰਗ ਹੋਣ ਵਾਲਾ ਅਤੇ ਰੀਸਾਈਕਲਿੰਗ ਨਾ ਹੋ ਸਕਣ ਵਾਲਾ ਰਹਿੰਦ-ਖੂੰਹਦ ਇਕੱਠਾ ਕਰਦਾ ਹੈ।

- ਖਤਰਨਾਕ ਰਸਾਇਣਾਂ ਅਤੇ ਰੇਡੀਓ-ਐਕਟਿਵ ਰਹਿੰਦ-ਖੂੰਹਦ ਦਾ ਪ੍ਰਬੰਧਨ
- ਬਾਇਓਲੌਜੀਕਲ ਰਹਿੰਦ-ਖੂੰਹਦ ਨੂੰ ਕੰਪੋਸਟ ਕਰਕੇ ਬਟੈਨੀਕਲ ਗਾਰਡਨ ਵਿੱਚ ਕੈਮੀਕਲ ਖਾਦ ਦੇ ਰੂਪ ਵਿੱਚ ਵਰਤਿਆ ਜਾਂਦਾ ਹੈ।ਵਰਤੋਂ ਕੀਤਾ ਜਾ ਚੁੱਕਾ ਮੀਡੀਆ ਅਸਤੇ ਕਲਚਰ ਚੰਗੀ ਤਰ੍ਹਾਂ ਆਟੋ-ਕਲੇਵ ਕਰਕੇ ਛਾਂਟ ਲਿਆ ਜਾਂਦਾ ਹੈ।ਇਸ ਨਾਲ ਵਾਤਾਵਰਣ ਸੁਰੱਖਿਅਤ ਤੇ ਸਾਫ ਰਹਿੰਦਾ ਹੈ।ਕਮਿਸਟਰੀ ਲੈਬ ਦੇ ਪਿੱਛੇ ਇੱਕ ਬੂਟਿਆਂ ਦੀ ਨਰਸਰੀ ਵਿਕਿਸਤ ਕੀਤੀ ਗਈ ਹੈ ਜਿਸ ਨਾਲ ਹਵਾ ਦਾ ਪ੍ਰਦੂਸ਼ਣ ਘਟਾਉਣ ਅਤੇ ਲੈਬ ਵਿੱਚ ਤਜਰਬਿਆਂ ਦੌਰਾਨ ਨਿਕਲਦੀਆਂ ਹਾਨੀਕਾਰਕ ਗੈਸਾਂ ਦਾ ਰਿਸਾਓ ਸੁਰੱਖਿਅਤ ਤਰੀਕੇ ਨਾਲ ਹੋ ਜਾਂਦਾ ਹੈ। ਇਸ ਉਦੇਸ਼ ਲਈ ਉਗਾਏ ਗਏ ਪੌਦੇ ਹਨ- ਪਲਮੈਰੀਆ ਐਲਬਾ, ਗਰੀਨ ਵਿਲੀਆ ਰੋਬਸਟਾ, ਪਸੀਡੀਅਮ ਗਾਵਾ, ਮੈਗੀਫਿਰਾ ਇੰਡੀਕਾ, ਸਾਈਕਸ ਅਤੇ ਜੰਗਲੀ ਪੌਦੇ।
- ਪਾਣੀ ਨੂੰ ਨਵਿਆਉਣਾ (ਰੀਸਾਈਕਲਿੰਗ)
- ਕਾਲਜ ਨੇ 'ਰੇਨ ਵਾਟਰ ਰੀਚਾਰਜਿੰਗ ਸਿਸਟਮ' ਦਾ ਨਿਰਮਾਣ ਕੀਤਾ ਹੈ। ਮੀਂਹ ਤੋਂ ਬਾਅਦ ਕਾਲਜ ਦਾ ਸਾਰਾ ਪਾਣੀ ਇਸ ਸਿਸਟਮ ਵਿੱਚ ਇਕੱਠਾ ਹੋ ਜਾਂਦਾ ਹੈ ਜਿਸ ਨਾਲ ਪਾਣੀ ਦਾ ਪੱਧਰ ਉੱਚਾ ਹੋ ਰਿਹਾ ਹੈ।

  ਆਉਣ ਵਾਲੇ ਸਾਲਾਂ ਵਿੱਚ ਕਾਲਜ ਪਾਣੀ ਦੀ ਰੀਸਾਈਕਲਿੰਗ ਅਤੇ ਹਰ ਤਰ੍ਹਾਂ ਦੇ ਕੂੜੇ ਦੀ ਰੀਸਾਈਕਲਿੰਗ ਲਈ ਜ਼ਰੂਰੀ ਕਦਮ ਚੁਕੇਗਾ।